19/52

19/KP

੧ੳ ਸਤਿਗੁਰ ਪ੍ਰਸਾਦਿ ।

ਦਾਸ ਗੋਬਿੰਦ ਫਤਹ ਖਾਲਸਾ ਦਰਸ ਪਰਸ ਮਿਟੈ ਸੋਗ

# ਖਾਲਸਾ

Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

ਗੁਰੂ ਨਾਨਕ ਮਿਸ਼ਨ ਲੜੀ ਦਾ
ਪੜਵਾਂ ਟ੍ਰੈਕਟ

ਭੇਟਾ ੧੨ ਪੈਸੇ

ਪ੍ਰਕਾਸ਼ਕ :
ਸਕਤ੍ਰ,
ਗੁਰੂ ਨਾਨਕ ਮਿਸ਼ਨ
ਪਟਿਆਲਾ ।

ਗਿਣਤੀ
2000

ਛਾਪਕ :
ਆਰਮੀ ਪਰੈਸ
ਪਟਿਆਲਾ

9

Digitized by Panjab Digital Library | www.panjabdigilib.org

ਇਹ ਟ੍ਰੈਕਟ ਹੇਠ ਲਿਖੀਆਂ ਸੰਸਥਾਵਾਂ ਅਤੇ ਸਜਣਾਂ ਵਲੋਂ ਸੰਗਤਾਂ ਵਿਚ ਵੰਡਿਆ ਗਿਆ

੧. ਸ੍ਰੀ ਗੁਰੂ ਸਿੰਘ ਸਭਾ ਪਟਿਆਲਾ

੨. ਸਿਖ ਕਲਚਰਲ ਸੋਸਾਇਟੀ ਚੰਡੀਗੜ੍ਹ

੩. ਬੇਦੀ ਸੁਹਿੰਦਰ ਸਿੰਘ ੧੦/੨੩ ਵੈਸਟ ਪਟੇਲ ਨਗਰ ਨਵੀਂ ਦਿਲੀ

੪. ਸ੍ਰ: ਸ਼ਮਸ਼ੇਰ ਸਿੰਘ ਰੀਟਾਇਰਡ ਡਾਇਰੈਕਟਰ ਰਾਜਸਥਾਨ ਗੰਗਾ ਨਗਰ।

੫. ਸ੍ਰ: ਸੁੰਦਰ ਸਿੰਘ ਰੇਲਵੇ ਬਾਜ਼ਾਰ ਅੰਬਾਲਾ. ਸ਼ਹਿਰ

੬. ਸ੍ਰੀ ਕਲਗੀਧਰ ਸੇਵਕ ਜਥਾ ਬੀਕਾਨੇਰ

੭. ਗੁਰਮਤਿ ਪ੍ਰਚਾਰ ਸਭਾ ਡੇਹਰਾਦੂਨ

੮. ਸ੍ਰ: ਦੀਦਾਰ ਸਿੰਘ ਫੂਲ ਖੁਰਦ ਰੋਪੜ

੯. ਗੁਰਦੁਆਰਾ ਸਿੰਘ ਸਭਾ, ਹਨੂਮਾਨ ਗੜ੍ਹ (ਰਾਜਸਥਾਨ)

Digitized by Panjab Digital Library | www.panjabdigilib.org

ੴ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ

ਖਾਲਸਾ ਮੇਰੋ ਰੂਪ ਹੈ ਖਾਸ–ਖਾਲਸੇ ਮਹਿ ਹੌਂ ਕਰੌਂ ਨਿਵਾਸ
ਖਾਲਸਾ ਮੇਰੋ ਮੁਖ ਹੈ ਅੰਗਾ–ਖਾਲਸੇ ਕੇ ਹੌਂ ਸਦ ਸਦ ਸੰਗਾ
ਖਾਲਸਾ ਮੇਰੋ ਇਸ਼ਟ ਸੁਹਿਰਦ–ਖਾਲਸਾ ਮੇਰੋ ਕਹੀਅਤ ਬਿਰਦ
ਖਾਲਸਾ ਮੇਰੋ ਪਛ ਅਰ ਪਾਤਾ–ਖਾਲਸਾ ਮੇਰੋ ਸੁਖ ਅਹਿਲਾਦਾ
ਖਾਲਸਾ ਮੇਰੋ ਮਿਤੱਰ ਸਖਾਈ--ਖਾਲਸਾ ਮਾਤ ਪਿਤਾ ਸੁਖਦਾਈ
ਖਾਲਸਾ ਮੇਰੀ ਸੋਭਾ ਸੀਲਾ--ਖਾਲਸਾ ਬੰਧ ਸਖਾ ਸਦ ਡੀਲਾ
ਖਾਲਸਾ ਮੇਰੀ ਜਾਤਿ ਅਰ ਪਤ–ਖਾਲਸਾ ਸੋਂ ਮਾ ਕੋ ਉਤਪਤ
ਖਾਲਸਾ ਮੇਰੋ ਭਵਨ ਭੰਡਾਰਾ--ਖਾਲਸਾ ਕਰ ਮੇਰੋ ਸਤਿਕਾਰਾ
ਖਾਲਸਾ ਮੇਰੋ ਸ੍ਵਜਨ ਪ੍ਰਵਾਰਾ–ਖਾਲਸਾ ਮੇਰੋ ਕਰਤ ਉਧਾਰਾ
ਖਾਲਸਾ ਮੇਰੋ ਪਿੰਡ ਪਰਾਨ–ਖਾਲਸਾ ਮੇਰੀ ਜਾਨ ਕੀ ਜਾਨ
ਮਾਨਮਹਤ ਮੇਰੀ ਖਾਲਸਾ ਸਹੀ–ਖਾਲਸਾ ਮੇਰੋ ਸ੍ਵਾਰਥ ਸਹੀ
ਖਾਲਸਾ ਮੇਰੋ ਕਰੇ ਨਿਰਬਾਹ--ਖਾਲਸਾ ਮੇਰੋ ਦੇਹ ਅਰ ਸਾਹ
ਖਾਲਸਾ ਮੇਰੋ ਧਰਮ ਅਰ ਕਰਮ–ਖਾਲਸਾ ਮੇਰੋ ਭੇਦ ਨਿਜ ਮਰਮ
ਖਾਲਸਾ ਮੇਰੋ ਸਤਿਗੁਰ ਪੂਰਾ–ਖਾਲਸਾ ਮੇਰੋ ਸਜੱਨ ਸੂਰਾ
ਖਾਲਸਾ ਮੇਰੋ ਬੁਧਅਤ ਗਿਆਨ--ਖਾਲਸੇ ਕਾ ਹੌਂ ਧਰੋਂ ਧਿਆਨ
ਉਪਮਾ ਖਾਲਸੇ ਜਾਤ ਨ ਕਹੀ–ਜਿਹਵਾ ਏਕ ਪਾਰ ਨਹਿ ਲਹੀ
ਸੇਸ ਰਸਨ ਸਾਰਦ ਸੀ ਬੁੱਧ-ੇਤਦਪ ਨਾ ਉਪਮਾ ਬਰਨਤ ਸੁਧ



Digitized by Panjab Digital Library | www.panjabdigilib.org

ਯਾ ਮੈਂ ਰੰਚ ਨਾ ਮਿਥਿਆ ਭਾਖੀ–ਪਾਰਬ੍ਰਹਮ ਗੁਰ ਨਾਨਕ ਸਾਖੀ
ਰੋਮ ਰੋਮ ਜੇ ਰਸਨਾ ਪਾਊਂ–ਤਦਪ ਖਾਲਸਾ ਜਸ ਤਹ ਗਾਊਂ
ਹੌਂ ਖਾਲਸੇ ਕੋ ਖਾਲਸਾ ਮੇਰੋ–ਓਤ ਪੋਤਿ ਸਾਗਰ ਬੂੰਦੇਰੋ
ਖਾਲਸਾ ਅਕਾਲ ਪੁਰਖ ਕੀ ਫੌਜ--ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ

ਇਹ ਤਸੱਵਰ ਹੈ ਉਸ ਸਰੂਪ ਦਾ ਜੋ ਗੁਰੂ ਗੋਬਿੰਦ ਸਿੰਘ ਦੀ ਕਲਪਨਾ ਅੰਦਰ ਖਾਲਸੇ ਦਾ ਚਿਤਰਿਆ ਹੋਇਆ ਸੀ। 'ਸਰਬ ਲੋਹ' ਗ੍ਰੰਥ ਵਿਚ ਇਹ ਭੀ ਲਿਖਿਆ ਹੈ :

'ਕਾਲ ਪੁਰਖ ਕੀ ਆਗਿਆ ਪਾਂਇ ਪ੍ਰਗਟ ਭਯੋ ਹੂਤ ਮੁਨਿਵਰ ਕੋ ਅਤੇ 'ਪੰਥ ਖਾਲਸਾ ਭਯੋ ਪੁਨੀਤਾ ਪ੍ਰਭ ਆਗਿਆ ਕਰ ਉਦਿਤ ਭਏ' ਅਰਥਾਤ ਅਕਾਲ ਪੁਰਖ ਪ੍ਰਭੂ ਦੀ ਆਗਿਆ ਹੋਈ ਤਾਂ ਪੰਥ ਖਾਲਸਾ ਆਪਨੇ ਸ੍ਰੇਸ਼ਟ ਮਾਨਨੀਯ ਪਵਿਤਰ ਰੂਪ ਵਿਚ ਸੂਰਜ ਵਤ ਉਦੈ ਜਾਂ ਪ੍ਰਗਟ ਹੋਇਆ। ਬਚਿੱਤ੍ਰ ਨਾਟਕ ਅੰਦਰ ਭੀ ਸਤਿਗੁਰੂ ਫੁਰਮਾਉਂਦੇ ਹਨ ਕਿ ਪ੍ਰਭੂ ਨੇ ਮੈਨੂੰ ਪੰਥ ਖਾਲਸਾ ਨੂੰ ਉਜਾਗਰ ਕਰਨ ਵਾਸਤੇ ਸੰਸਾਰ ਤੇ ਭੇਜਿਆ ਅਤੇ ਹੁਕਮ ਦਿਤਾ ਕਿ ਤੁਸੀਂ ਜਾਕੇ ਸੰਸਾਰ ਤੇ ਧਰਮ ਚਲਾਓ ਅਤੇ ਕੁਬੁਧ ਕਰਨ ਤੋਂ ਲੋਕਾਂ ਨੂੰ ਹਟਾਓ ਤਾਂ ਮੈਂ ਪ੍ਰਭੂ ਦੇ ਹਜ਼ੂਰ ਖੜੇ ਹੋ ਕੇ ਦੋਵੇਂ ਹਥ ਜੋੜ ਲਏ ਅਤੇ ਸਿਰ ਨਿਵਾ ਕੇ ਬੇਨਤੀ ਕੀਤੀ ਕਿ ਹੇ ਪ੍ਰਭੋ, ਤੁਸੀਂ ਸਹਾਇਤਾ ਕਰੋ ਤਾਂ ਹੀ ਜਗਤ ਅੰਦਰ ਪੰਥ ਚਲ ਸਕਦਾ ਹੈ। ਉਪਰ ਦਰਜ ਸਤਰਾਂ ਵਿਚ ਭੀ ਲਿਖਿਆਹੈ ਕਿ :

'ਖਾਲਸਾ ਅਕਾਲ ਪੁਰਖ ਕੀ ਫੌਜ--ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ' ਅਰਥਾਤ ਸੰਸਾਰ ਅੰਦਰ ਧਰਮ ਦੇ ਵਾਧੇ ਲਈ ਅਤੇ ਲੋਕਾਂ ਨੂੰ ਮੰਦੇ ਕੰਮ



Digitized by Panjab Digital Library | www.panjabdigilib.org

ਕਰਨ ਤੋਂ ਹਟਾਉਣ ਲਈ ਅਕਾਲ ਪੁਰਖ ਨੇ ਸੁਤੇ ਸਿਧ ਖਾਲਸੇ ਨੂੰ ਪ੍ਰਗਟ ਕੀਤਾ ਹੈ। ਇਹ ਉਸਦੀ ਆਪਨੀ ਫੌਜ ਹੈ ਜਿਸ ਨੇ ਅਨਿਆਇ ਅਤੇ ਬੇਅਸੂਲੀ ਦੇ ਉਲਟ ਅਤੇ ਸਤਿ ਧਰਮ ਅਤੇ ਨੇਕੀ ਦੇ ਹੱਕ ਵਿਚ ਲੜਾਈ ਲੜਨੀ ਹੈ। ਧੰਨ ਹਨ ਓਹ ਮਨੁਖ ਜੋ ਐਸੀ ਲੜਾਈ ਲੜਨ ਵਾਸਤੇ ਮੈਦਾਨ ਜੰਗ ਵਿਚ ਆਉਂਦੇ ਹਨ :

ਧੰਨ ਜੀਉ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁਧ ਬਿਚਾਰੇ।

ਅਜੇਹੀ ਲੜਾਈ ਹਮੇਸ਼ਾਂ ਲੜਦੇ ਰਹਿਣ ਵਾਲਾ ਹੀ ਅਸਲ ਵਿਚ ਖਾਲਸਾ ਕਹਿਲਾਉਣ ਦਾਅਧਕਾਰੀ ਹੋ ਸਕਦਾ ਹੈ :

ਖਾਲਸਾ ਸੋ ਕਰੇ ਨਿਤ ਜੰਗ।

ਖਾਲਸਾ ਅਕਾਲ ਪੁਰਖ ਦੀ ਫੌਜ ਹੈ। ਫੌਜ ਦਾ ਕਰਮ ਹੁੰਦਾ ਹੈ :

(ੳ) ਹਮੇਸ਼ਾਂ ਤਿਆਰ ਬਰ ਤਿਆਰ ਰਹਿਣਾ, ਵੈਰੀ ਵਲੋਂ ਕਦੀ ਅਵੇਸਲਾ ਨਾ ਹੋਣਾ, ਨਾ ਵੈਰੀ ਦਾ ਵਿਸਾਹ ਕਰਨਾ।

(ਅ) ਸ਼ਸਤਰ ਹੀਨ ਕਦੀ ਨਾ ਹੋਣਾ ਤੇ ਫ਼ੌਜੀ ਜ਼ਬਤ ਅੰਦਰ ਰਹਿਣਾ ਵਰਦੀ ਤਥਾ ਸ਼ਸਤਰ ਉਤਾਰ ਕੇ ਫਿਰਨ ਵਾਲਾ ਮਨੁਖ ਉਸ ਸਮੇਂ ਫੌਜੀ ਕਹਿਲਾਉਣ ਦਾ ਹੱਕਦਾਰ ਨਹੀਂ ਰਹਿੰਦਾ, ਸੋ ਜੋ ਮਨੁੱਖ 'ਅਕਾਲ ਪੁਰਖ ਕੀ ਫੌਜ ਦਾ ਮੈਂਬਰ ਹੋਣ ਦਾ ਦਾਹਵੇਦਾਰ ਹੈ ਉਸ ਲਈ ਖਾਲਸੇ ਦੀ ਵਰਦੀ ਅਤੇ ਸ਼ਸਤਰ ਤੋਂ ਬਿਨਾਂ ਵਿਚਰਨਾ ਫੌਜੀ ਜ਼ਬਤ descipline ਤੋਂ ਬਾਹਰ ਹੋਣਾ ਹੈ)

(ੲ) ਜੰਗ ਅੰਦਰ ਜੂਝ ਮਰਣ ਦੇ ਚਾਓ ਵਿਚ ਰਹਿਣਾ, ਵੈਰੀ ਦਾ ਭੈ ਨਹੀਂ ਮੰਨਣਾ।

(ਸ) ਕਾਇਰਤਾ ਕਦੀ ਨਾ ਵਿਖਾਉਣੀ ਅਤੇ ਹਮੇਸ਼ਾ ਜਿੱਤ ਪਾਉਣ ਦੇ



Digitized by Panjab Digital Library | www.panjabdigilib.org

ਨਿਸਚੇ ਨਾਲ ਲੜਣਾ ।

ਸੋ ਖਾਲਸਾ 'ਅਕਾਲ ਪੁਰਖ ਕੀ ਫੌਜ' ਹੋਣ ਦੇ ਨਾਤੇ ਹਮੇਸ਼ਾਂ ਤਿਆਰ ਬਰ ਤਿਆਰ ਰਹੇ, ਖਾਲਸਈ ਬੰਧੇਜ ਦਾ ਸਦਾ ਧਾਰਨੀ ਹੋਵੇ, ਸ਼ਸਤਰ ਹੀਨ ਨਾ ਹੋਵੇ, ਅਧਰਮ, ਧੱਕੇ ਤੇ ਜਬਰ ਨੂੰ ਕਦੀ ਸਹਿਨ ਨ ਕਰੇ, ਮਰਨ ਮਾਰਣ ਦਾ ਭੈ ਨਾ ਮੰਨੇ, ਧਰਮ ਅਤੇ ਸਚ ਦੀ ਜਿੱਤ ਪਰ ਨਿਸਚਾ ਰਖਦਾ ਹੋਇਆ ਧਰਮ-ਜੁਧ ਅੰਦਰ ਜੂਝ ਮਰਨ ਦੇ ਚਾਓ ਅੰਦਰ ਜੀਵੇ ।

ਅਕਾਲ ਪੁਰਖ ਕੀ 'ਫੌਜ' ਹੋਣ ਦੇ ਨਾਤੇ ਖਾਲਸਾ ਇਕ ਜਮਾਤ ਹੈ, ਸੰਗਠਨ ਹੈ, ਤਿਆਰ ਬਰ ਤਿਆਰ ਸੰਗਤ ਹੈ, ਉਹ ਕਦੀ ਇਕੱਲਾ ਨਹੀਂ ਹੁੰਦਾ, ਇਸੇ ਲਈ ਖਾਲਸਾ ਇਕ ਭੀ ਸਵਾ ਲਖ ਹੈ । ਖਾਲਸੇ ਦਾ ਇਹ ਨਿਸਚਾ ਕਿ ਉਹ ਸਵਾ ਲਖ ਹੈ, ਉਸ ਨੂੰ ਅਤਿ ਮੁਸੀਬਤ ਵਿਚ ਭੀ ਡੋਲਣ ਨਹੀਂ ਦੇਂਦਾ। ਸਿੰਘਾਂ ਦੀਆਂ ਬਹਾਦਰੀ ਤੇ ਕੁਰਬਾਨੀ ਦੀਆਂ ਕਥਾਵਾਂ ਸੁਣ ਸੁਣ ਲੋਕ ਉਂਗਲਾਂ ਟੁਕਦੇ ਤੇ ਕਹਿੰਦੇ ਸਨ 'ਪਤਾ ਨਹੀਂ, ਇਹ ਕਿਸ ਮਿਟੀ ਦੇ ਬਣੇ ਹਨ ਇਹ ਮੌਤ ਤੋਂ ਤਾਂ ਡਰਦੇ ਹੀ ਨਹੀਂ ਇਉਂ ਕਹਿਨ ਵਾਲਿਆਂ ਨੂੰ ਇਹ ਚੇਤੇ ਰਖਣਾ ਚਾਹੀਦਾ ਹੈ ਕਿ 'ਖਲਸਾ' ਅਕਾਲ ਪੁਰਖ ਕੀ 'ਫੌਜ' ਹੈ ਇਸ ਲਈ ਜੋ ਖਾਲਸਾ ਹੈ ਉਸ ਦੇ ਸਾਰੇ ਡਰ ਭੈ ਦੂਰ ਹੋਏ ਹੁੰਦੇ ਹਨ, ਉਸ ਦੇ ਅੰਦਰ 'ਪੂਰਨ ਜੋਤ' ਮਘਦੀ ਹੁੰਦੀ ਹੈ, ਉਥੇ 'ਸਦਾ ਅਨੰਦੁ ਤਹ ਨਹੀ ਬਿਓਗੁ' ਛਾਇਆ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਦੇ ਸਤਿਕਾਰ ਵਿਚ ਜੋ ਸ਼ਬਦ ਵਰਤੇ ਹਨ ਉਨ੍ਹਾਂ ਸਭ ਦੇ ਪਿਛੇ ਹਜ਼ੂਰ ਦਾ 'ਖਾਲਸਾ ਅਕਾਲ ਪੁਰਖ



Digitized by Panjab Digital Library | www.panjabdigilib.org

ਕੀ ਫੌਜ' ਹੋਣ ਦਾ ਨਿਸਚਾ ਕੰਮ ਕਰਦਾ ਹੈ। ਆਪ ਦੇ ਇਸ ਨਿਸਚੇ ਨੂੰ ਸਮਝਣ ਅਤੇ ਗ੍ਰਹਿਨ ਕਰਨ ਲਈ ਆਪ ਦੇ ਕੁਝਕੁ ਕਥਨਾਂ ਬਾਰੇ ਸੰਖੇਪ ਵਿਚਾਰ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤੇ ਜਾਂਦੇ ਹਨ। ਪੂਰੇ ਤੌਰ ਇਨ੍ਹਾਂ ਦਾ ਭਾਵ ਤਾਂ ਸਤਿਗੁਰੂ ਜੀ ਹੀ ਜਾਣਦੇ ਹਨ ਪਰ ਇਨਾਂ ਨੂੰ ਸਮਝਣ ਦੇ ਜਤਨ ਵੱਲੋਂ ਇਹ ਨਿੱਕਾ ਜੇਹਾ ਕਦਮ ਹੈ। ਕਈ ਵਿਦਵਾਨ ਸਜਣ 'ਸਰਬ ਲੋਹ' ਅੰਦਰ ਦਰਜ ਇਨਾਂ ਸ਼ਬਦਾਂ ਨੂੰ ਖਾਲਸੇ ਦੀ ਵਡਿਆਈ ਅਤੇ ਸਤਿਗੁਰੂ ਜੀ ਦੀ ਅਤਿ ਦਰਜੇ ਦੀ ਨਿੰਮਰਤਾ ਦੇ ਲਖਾਇਕ ਹੀ ਦਸਦੇ ਹਨ ਅਤੇ ਹੋਰ ਕਈ ਇਨਾਂ ਨੂੰ ਗੁਰੂ ਜੀ ਦੀ ਅਤਿ ਕਥਨੀ ਕਹਿ ਕੇ ਛਡ ਦੇਂਦੇ ਹਨ। ਮੇਰੇ ਖਿਆਲ ਵਿਚ ਗੁਰੂ ਗੋਬਿੰਦ ਸਿੰਘ ਜੇਹੀ ਮਹਾਨ ਸ਼ਖਸੀਅਤ ਦੇ ਕਥੇ ਹੋਏ ਇਨ੍ਹਾਂ ਸ਼ਬਦਾਂ ਨੂੰ ਨਿਰਾ ਸੁਧੇ ਸਿਧ ਕੀਤੀ ਖਾਲਸੇ ਦੀ ਉਪਮਾ ਕਹਿਕੇ ਇਨ੍ਹਾਂ ਦੀ ਡੂੰਘਾਈ ਵਿਚ ਜਾਣ ਤੋਂ ਸੰਕੋਚ ਕਰਨਾ ਠੀਕ ਨਹੀਂ, ਖਾਸ ਕਰ ਜਦੋਂ ਸਤਿਗੁਰੂ ਜੀ ਦੀ ਆਪਣੀ ਜਬਾਨੀ ਅਸੀਂ ਇਹ ਸ਼ਬਦ ਪੜ੍ਹਦੇ ਜਾਂ ਸੁਣਦੇ ਹਾਂ।

'ਯਾਂ ਮੈਂ ਰੰਚ ਨ ਮਿਥਿਆ ਭਾਖੀ–ਪਾਰਬ੍ਰਹਮ ਗੁਰੂ ਨਾਨਕ ਸਾਖੀ' ਅਰਥਾਤ ਮੈਂ ਇਸ ਸਾਰੇ ਕਥਨ ਅੰਦਰ ਰੰਚ ਮਾਤਰ ਭੀ ਗਲਤ ਗੱਲ ਨਹੀਂ ਕਹੀ ਮੈਂ ਇਹ ਗੱਲ ਪਾਰਬ੍ਰਹਮ ਗੁਰੂ ਨਾਨਕ ਨੂੰ ਹਾਜ਼ਰ ਨਾਜ਼ਰ ਜਾਣਕੇ ਕਹਿੰਦਾ ਹਾਂ। ਕਿਤਨੀ ਵੱਡੀ ਸੁਗੰਧ ਖਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਕਥਨ ਦੀ ਸਚਾਈ ਬਾਰੇ ਨਿਸਚਾ ਕਰਾਉਂਦੇ ਹਨ। ਤਾਂ ਇਹ ਮੰਨਣਾ ਪਵੇਗਾ ਕਿ ਖਾਲਸੇ ਬਾਰੇ ਕਥੇ ਆਪ ਦੇ ਇਹ ਸ਼ਬਦ ਬਹੁਤ ਭਾਵ ਪੂਰਤ ਹਨ। ਇਹ ਵਖਰੀ ਗੱਲ ਹੈ ਕਿ ਅਸੀਂ ਆਪਣੀ ਤਥਾ ਖਾਲਸੇ ਦੀ ਮੌਜੂਦਾ ਸਥਿਤੀ ਤੇ ਦਸ਼ਾ ਨੂੰ ਵਿਚਾਰਦੇ ਹੋਏ ਗੁਰੂ ਜੀ ਦੇ



Digitized by Panjab Digital Library | www.panjabdigilib.org

ਇਨ੍ਹਾਂ ਬਚਨਾਂ ਨੂੰ ਅਤਿ ਕਥਨੀ ਕਹਿ ਦੇਈਏ, ਪਰ ਇਸ ਤੋਂ ਕਦਾਚਿਤ ਇਨਕਾਰ ਨਹੀਂ ਹੋ ਸਕਦਾ ਕਿ ਖਾਲਸੇ ਬਾਰੇ ਸਤਿਗੁਰੂ ਜੀ ਦਾ ਆਪਨਾ ਤਸੱਵਰ ਬਹੁਤ ਮਹਾਨ ਸੀ ਅਤੇ ਉਨ੍ਹਾਂ ਦੇ ਜੀਵਨ ਕਾਲ ਸਮੇਂ ਅਤੇ ਸ਼ਾਇਦ ਕੁਝ ਵਕਤ ਪਿਛੋਂ ਭੀ ਖਾਲਸਾ ਉਸ ਤਸੱਵਰ ਦਾ ਜੀਉਂਦਾ ਜਾਗਦਾ ਸਰੂਪ ਸੀ। ਕਾਸ਼ ਕਿ ਅੱਜ ਭੀ ਖਾਲਸਾ ਵੈਸਾ ਹੀ ਹੋਵੇ ਅਤੇ ਸਤਿਗੁਰ ਆਪਣੀ ਕਥਨੀ ਪਰ, ਅਤੇ ਖਾਲਸੇ ਪਰ ਉਤਨਾ ਹੀ ਮਾਨ ਕਰ ਸਕਨ ਜੇਹੋ ਜੇਹਾ ਇਨ੍ਹਾਂ ਬਚਨਾਂ ਦੇ ਅੰਕ੍ਰਤ ਕੀਤੇ ਜਾਣ ਸਮੇਂ ਉਨ੍ਹਾਂ ਨੂੰ ਸੀ।

'ਖਾਲਸਾ ਮੇਰੋ ਰੂਪ ਹੈ ਖਾਸ -ਖਾਲਸੇ ਮਹਿ ਹੌਂ ਕਰੋਂ ਨਿਵਾਸ।'
ਅਰਥਾਤ ਮੇਰੇ (ਗੁਰੂ ਗੋਬਿੰਦ ਸਿੰਘ ਜੀ ਦੇ) ਅਤੇ ਖਾਲਸੇ ਵਿਚ ਕੋਈ ਭਿੰਨ ਭੇਦ ਨਹੀਂ। ਮੈਂ ਖਾਲਸੇ ਵਿਚ ਇਉਂ ਰਮਿਆ ਹੋਇਆ ਹਾਂ ਜਿਵੇਂ ਤਾਣਾ ਪੇਟਾ ਇਕ ਜੁਜ਼ ਹੋਇਆ ਹੁੰਦਾ ਹੈ ਜਾਂ ਜਿਵੇਂ ਬੂੰਦ ਸਮੁੰਦਰ ਵਿਚ ਸਮਾਈ ਹੁੰਦੀ ਹੈ :

'ਹੌਂ ਖਾਲਸੇ ਕੋ ਖਾਲਸਾ ਮੇਰੋ-ਓਤ ਪੋਤਿ ਸਾਗਰ ਬੂੰਦੇਰੋ'
ਸਾਰੰਗ ਰਾਗ ਵਿਚ ਸ੍ਰੀ ਨਾਮਦੇਵ ਜੀ ਪਾਰਬ੍ਰਹਮ ਪਰਮੇਸ਼੍ਵਰ ਵਲੋਂ ਕਹਿੰਦੇ ਹਨ ਕਿ ਮੇਰੇ ਓਹ ਸੇਵਕ ਜਿਨ੍ਹਾਂ ਦਾ ਭਰੋਸਾ ਮੇਰੇ ਬਿਨਾਂ ਕਿਸੇ ਹੋਰ ਪਰ ਨਹੀਂ ਹੈ ਓਹ ਮੇਰਾ ਅਪਨਾ ਰੂਪ ਹਨ ਬਲਕਿ ਮੈਂ ਉਹਨਾਂ ਦੇ ਸਾਮ੍ਹਣੇ ਕਿਸੇ ਤਰਾਂ ਦੀ ਹੀਲ ਹੁੱਜਤ ਨਹੀਂ ਕਰ ਸਕਦਾ।

'ਦਾਸ ਅਨਿੰਨ ਮੇਰੋ ਨਿਜ ਰੂਪ...........'
ਮੇਰੀ ਬਾਧੀ ਭਗਤੁ ਛਡਾਵੈ ਬਾਧੈ ਭਗਤੁ ਨ ਛੂਟੈ ਮੋਹਿ।'



Digitized by Panjab Digital Library | www.panjabdigilib.org

ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ :

'ਨਾਨਕ ਸਾਧ ਪ੍ਰਭ ਭੇਦ ਨਾ ਭਾਈ'

ਅਰਥਾਤ ਪ੍ਰਭੂ ਦੀ ਸਾਧਨਾ ਕਰਨ ਵਾਲਾ ਅਤੇ ਪ੍ਰਭੂ ਇੱਕ ਰੂਪ ਹੁੰਦੇ ਹਨ ਉਨਾ ਵਿਚਾਲੇ ਕੋਈ ਭਿੰਨ ਭੇਦ ਨਹੀਂ ਹੁੰਦਾ। ਸਤਿਗੁਰੂ ਜੀ ਫਿਰ ਦੁਹਰਾਉਂਦੇ ਹਨ :

'ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ'

ਉਕਤ ਸਾਰੇ ਕਥਨਾਂ ਅੰਦਰ ਇਕੋ ਖਿਆਲ ਵਖੋ ਵਖ ਨਾਮ ਦੇ ਕੇ ਪ੍ਰਗਟਾਇਆ ਹੈ।ਜਿਸ ਨੂੰ ਭਗਤ ਨਾਮਦੇਵ ਜੀ 'ਦਾਸ' ਸ਼ਬਦ ਦੁਆਰਾ ਈਸ਼ਵਰ ਦਾ ਅਪਨਾ ਰੂਪ ਦਸਦੇ ਹਨ, ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਨੂੰ 'ਸਾਧ' ਜਾਂ 'ਬ੍ਰਹਮ ਗਿਆਨੀ' ਦਾ ਨਾਮ ਦੇ ਕੇ ਪਰਮੇਸਰ ਦਾ ਰੂਪ ਦਸਦੇ ਹਨ, ਗੁਰੂ ਗੋਬਿੰਦ ਸਿੰਘ ਜੀ ਉਸੇ ਨੂੰ 'ਖਾਲਸਾ' ਕਹਿ ਕੇ ਵਡਿਆਉਂਦੇ ਹਨ।

ਇਸ ਖਿਆਲ ਨੂੰ ਹੋਰ ਵਧੇਰੇ ਦ੍ਰਿੜ ਕਰਾਉਣ ਲਈ ਸ੍ਰੀ ਦਸਮੇਸ਼ ਜੀ ਕਹਿੰਦੇ ਹਨ :

'ਖਾਲਸਾ ਮੇਰੋ ਪਿੰਡ ਪਰਾਨ–ਖਾਲਸਾ ਮੇਰੀ ਜਾਨ ਕੀ ਜਾਨ'

ਅਤੇ 'ਖਾਸਲਾ ਮੇਰੋ ਦੇਹ ਅਰ ਸਾਹ'

ਅਰਥਾਤ ਮੇਰੀ ਜਿੰਦ ਜਾਨ ਤੇ ਦੇਹ ਪਰਾਨ ਭੀ ਖਾਲਸਾ ਹੀ ਹੈ। ਉਕਤ ਹਵਾਲੇ ਵਾਲੇ ਸ਼ਬਦ ਵਿਚ ਨਾਮਦੇਵ ਜੀ ਪਰਮਾਤਮਾ ਨੂੰ ਇਉਂ ਕਹਿੰਦਾ ਦਰਸਾਉਂਦੇ ਹਨ ਕਿ ਭਾਵੇਂ ਮੇਰੇ ਗੁਣਾਂ ਸਦਕਾ ਹੀ ਸਭ ਦੀ ਜ਼ਿੰਦਗੀ ਕਾਇਮ ਹੈ ਪਰ ਮੇਰੀ ਜ਼ਿੰਦਗੀ ਦਾ ਆਧਾਰ ਮੇਰੇ 'ਦਾਸ' ਹਨ:



Digitized by Panjab Digital Library | www.panjabdigilib.org

'ਮੈਂ ਗੁਨਬੰਧ ਸਗਲ ਕੀ ਜੀਵਨਿ, ਮੇਰੀ ਜੀਵਨਿ ਮੇਰੇ ਦਾਸ'

ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਪ੍ਰਭੂ ਦਾ ਵਾਸਾ ਭਗਤ ਜਨਾਂ ਦੇ ਮਨ ਅੰਦਰ ਹੈ ਅਥਵਾ ਪ੍ਰਭੂ ਅਪਨੇ ਭਗਤਾਂ ਰਾਹੀਂ ਹੀ ਸੰਸਾਰ ਤੇ ਪ੍ਰਗਟ ਹੈ: 'ਭਗਤ ਜਨਾ ਕੈ ਮਨਿ ਬਿਸ੍ਰਾਮ।' ਖਾਲਸਾ ਪ੍ਰਗਟ ਨਿਸ਼ਾਨ ਹੈ ਗੁਰੂ ਗੋਬਿੰਦ ਸਿੰਘ ਦਾ, ਸਤਿਗੁਰੂ ਫੁਰਮਾਉਂਦੇ ਹਨ ਮੇਰੇ ਮਾਨ ਤਾਨ, ਮੇਰੀ ਸ੍ਵਾਰਥ ਸਿਧੀ, ਅਤੇ ਜੋ ਉਦੇਸ਼ ਲੈ ਕੇ ਮੈਂ ਸੰਸਾਰ ਤੇ ਆਇਆ ਹਾਂ ਉਸਦੀ ਤੇ ਮੇਰੇ ਧਰਮ ਕਰਮ ਦੀ ਪੂਰਤੀ ਦਾ ਸਾਧਨ ਇਕੋ ਖਾਲਸਾ ਹੀ ਹੈ ਇਸ ਲਈ ਮੈਂ ਹਮੇਸ਼ਾਂ ਖਾਲਸੇ ਦਾ ਹੀ ਧਿਆਨ ਧਰਦਾ ਹਾਂ ਅਤੇ ਖਾਲਸੇ ਨਾਲ ਹੀ ਆਪਨੇ ਅੰਦਰ ਦੇ ਮਰਮ (ਭੇਦ) ਸਾਂਝੇ ਕਰਦਾ ਹਾਂ ਮੇਰੀ ਉਤਪਤੀ ਭੀ ਖਾਲਸੇ ਤੋਂ ਹੋਈ ਹੈ ਅਤੇ ਖਾਲਸਾ ਹੀ ਮੇਰੀ ਜ਼ਾਤ ਪਾਤ ਹੈ। ਆਪ ਦਾ ਇਹ ਕਥਨ ਕਿਤਨਾ ਭਾਵ ਪੂਰਤ ਹੈ। ਆਪ ਨੇ ਸੰਨ 1699 ਦੀ ਵਿਸਾਖੀ ਦੇ ਦਿਨ ਪੰਜ ਪਿਆਰਿਆਂ ਤੋਂ ਖਾਲਸੇ ਦੀ ਸਾਜਨਾ ਕੀਤੀ ਅਤੇ ਫਿਰ ਉਸ ਖਾਲਸੇ ਦੇ ਸਾਮ੍ਹਣੇ ਗੋਡੇ ਟੇਕ ਕੇ ਅੰਮ੍ਰਤ ਪ੍ਰਾਪਤ ਕਰਦੇ ਹੋਏ ਖਾਲਸੇ ਦੇ ਘਰ ਜਨਮ ਲਿਆ। ਜੋ ਲੋਕ ਅਜ ਭੀ ਆਪ ਨੂੰ 'ਸੋਢੀ' ਸੁਲਤਾਨ ਕਹਿ ਕੇ ਯਾਦ ਕਰਦੇ ਹਨ, ਉਹ ਆਪ ਦੇ ਇਨ੍ਹਾਂ ਬਚਨਾਂ ਦਾ ਖੰਡਨ ਤੇ ਨਿਰਾਦਰੀ ਕਰਦੇ ਹਨ:

'ਖਾਲਸਾ ਮੇਰੋ ਮਿਤੱਰ ਸਖਾਈ-ਖਾਲਸਾ ਮਾਤ ਪਿਤਾ ਸੁਖਦਾਈ
ਖਾਲਸਾ ਮੇਰੀ ਸੋਭਾ ਸੀਲਾ-ਖਾਲਸਾ ਬੰਧ ਸਖਾ ਸਦ ਡੀਲਾ
ਖਾਲਸਾ ਮੇਰੀ ਜਾਤਿ ਅਰ ਪਤ-ਖਾਲਸਾ ਸੋਂ ਮਾ ਕੋ ਉਤਪਤਿ'

ਇਨਾਂ ਬਚਨਾਂ ਤੋਂ ਸਪਸ਼ਟ ਹੁੰਦਾ ਹੈ ਕਿ ਜਿਸ ਤਰਾਂ ਸਤਿਗੁਰੂ ਦੇ ਅੰਮ੍ਰਤ-ਧਾਰੀ ਸਿੰਘ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਜੀ ਦੇ ਨਾਦੀ



Digitized by Panjab Digital Library | www.panjabdigilib.org

ਪੁੱਤਰ ਹਨ ਇਉਂ ਹੀ ਅੰਮ੍ਰਿਤ ਛਕਣ ਮਗਰੋਂ ਗੁਰੂ ਗੋਬਿੰਦ ਸਿੰਘ ਦਾ ਪੁਨਰ ਜਨਮ ਖਾਲਸੇ ਦੇ ਘਰ ਹੋਇਆ :

'ਖਾਲਸਾ ਸੋ ਮਾ ਕੋ ਉਤਪਤਿ'

ਇਹ ਇਤਿਹਾਸਕ ਅਮਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਨੀ ਰਸਨਾ ਤੋਂ ਪੰਜ ਬਾਣੀਆ ਉਚਾਰਦੇ ਹੋਏ ਖੰਡੇ ਦਾ ਅੰਮ੍ਰਿਤ ਆਪ ਤਿਆਰ ਕੀਤਾ ਅਤੇ ਉਨ੍ਹਾਂ ਪੰਜ ਅਭਿਲਾਖੀਆਂ ਨੂੰ ਛਕਾਇਆ ਜਿਨਾਂ ਨੇ ਅਪਨੇ ਸੀਸ ਗੁਰੂ ਦੇ ਭੇਟ ਕੀਤੇ ਸਨ, ਉਪ੍ਰੰਤ ਉਨਾਂ ਦਾ ਸਿੰਘ ਹੋਣਾ ਨਿਸਚੈ ਕਰਕੇ ਉਨ੍ਹਾਂ ਨੂੰ 'ਖਾਲਸਾ' ਹੋਣ ਦਾ ਵਰਦਾਨ ਦਿਤਾ ਅਤੇ ਕਿਹਾ ਕਿ ਇਹ 'ਖਾਲਸਾ' ਮੇਰਾ ਅਪਨਾ ਰੂਪ ਹੈ ਅਥਵਾ ਇਸ ਦੇ ਅੰਦਰ ਪੂਰਨ ਸਤਿਗੁਰੂ ਵਾਲੇ ਸਾਰੇ ਗੁਣ ਹਨ ਬਲਕਿ ਆਪ ਨੇ ਆਪਣੇ ਆਪ ਨੂੰ ਐਸੇ ਸਤਿਗੁਰੂ (ਖਾਲਸਾ) ਦਾ ਸਿਖ ਬਨਣਾ ਜ਼ਰੂਰੀ ਜਾਣਦੇ ਹੋਏ ਉਸ ਪਾਸੋਂ ਅੰਮ੍ਰਿਤ ਦੀ ਦਾਤ ਮੰਗੀ ਅਤੇ ਇਤਿਹਾਸ ਸਾਖੀ ਹੈ ਕਿ ਉਨਾ ਪੰਜਾਂ ਪਰ ਸਮਿਲਤ 'ਖਾਲਸਾ' ਨੇ ਗੁਰੂ ਗੋਬਿੰਦਸਿੰਘ ਨੂੰ ਅੰਮ੍ਰਿਤ ਛਕਾਇਆ ਅਥਵਾ ਗੁਰੂ ਚੇਲਾ, ਅਤੇ ਚੇਲਾ ਗੁਰੂ ਹੋ ਗਿਆ--'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' । ਪਰ ਫਰਕ ਕੇਵਲ ਇਤਨਾ ਸੀ ਕਿ ਜਿਥੇ ਗੁਰੂ ਗੋਬਿੰਦ ਸਿੰਘ ਆਪਨੇ ਵਿਅਕਤੀਤਵ ਰੂਪ ਵਿਚ ਇਕੱਲੇ ਗੁਰੂ ਸਨ, ਉਥੇ ਇਕੱਲਾ ੨ ਭਾਈ ਦਇਆ ਸਿੰਘ ਜਾਂ ਭਾਈ ਧਰਮ ਸਿੰਘ ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਗੁਰੂ ਨਹੀਂ ਸੀ ਪਰ ਇਹ ਪੰਜੇ ਇਕ ਰੂਪ 'ਖਾਲਸਾ' ਹੋ ਕੇ ਗੁਰੂ ਸੀ, ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਫਰਮਾਇਆ :



Digitized by Panjab Digital Library | www.panjabdigilib.org

'ਖਾਲਸਾ ਮੇਰੋ ਸ਼ਤਿਗੁਰ ਪੂਰਾ—ਖਾਲਸਾ ਮੇਰੋ ਸੱਜਨ ਸੂਰਾ'

ਪੁਨਾ 'ਖਾਲਸਾ ਮੇਰੋ ਇਸ਼ਟ ਸੁਹਿਰਦ'

ਅਤੇ 'ਖਾਲਸਾ ਮੇਰੋ ਕਰਤ ਉਧਾਰਾ'

ਇਸ ਖਾਲਸੇ ਵਾਸਤੇ ਹੀ ਆਪ ਨੇ ਆਪਣਾ ਸਭ ਕੁਝ ਦੇਣਾ ਮੰਨਿਆ : 'ਮੋਹਿ ਗ੍ਰਿਹਿ ਮੈਂ ਤਨ ਤੇ ਮਨ ਤੇ ਸਿਰਲਉ ਧਨ ਹੈ ਸਭ ਹੀ ਇਨਹੀ ਕੋ' ਔਰ ਨਿਰਾ ਕਿਹਾ ਹੀ ਨਹੀਂ ਸਗੋਂ ਆਪਣਾ ਸਾਰਾ ਪ੍ਰਵਾਰ ਧਨ ਧਾਮ ਸਭ ਕੁਝ ਸਮੇਤ ਅਪਨੇ ਆਪ ਦੇ 'ਖਾਲਸਾ' ਹੋਂਦ ਦੇ ਕਾਇਮ ਰਖਣ ਲਈ ਅਰਪ ਦਿਤਾ ਅਤੇ ਇਤਨਾ ਕੁਝ ਕਰਦੇ ਹੋਇ ਭੀ ਇਹੋ ਕਿਹਾ ਮੇਰੀ ਜਿਤਨੀ ਵਡਿਆਈ ਸਤਿਕਾਰ ਤੇ ਸਾਹਿਬੀ ਹੈ, ਖਾਲਸੇ ਕਰਕੇ ਹੀ ਹੈ ਵਰਨਾ ਮੇਰੇ ਜਹੇ ਕਈ ਕਰੋੜ ਸੰਸਾਰ ਤੇ ਭਟਕਦੇ ਫਿਰਦੇ ਹਨ :

'ਗਿਰੰਬਾਰੀ ਅਰ ਸਾਹਿਬੀ ਤਨ ਮਨ ਪਿੰਡ ਪ੍ਰਾਨ
ਪ੍ਰਸਾਦਿ ਖਾਲਸੇ ਕਰ ਮਿਲਿਓ ਦਾਨ ਮਾਨ ਸਨਮਾਨ
ਕ੍ਰਿਪਾਵੰਤ ਖਾਲਸ ਸਗਲ ਤਹਿ ਪ੍ਰਸਾਦਿ ਭਯੇ ਗੋਰ
ਮੋਹਿ ਸੇ ਰੰਕ ਅਨਾਥ ਜਗ ਭਟਕਤ ਫਿਰਤ ਕਰੋਰ'

'ਸਰਬ ਲੋਹ,

ਆਪ ਦੇ ਮਨ ਅੰਦਰ ਖਾਲਸੇ ਦਾ ਏਨਾ ਸਤਕਾਰ ਹੈ ਕਿ ਆਪ ਕਹਿੰਦੇ ਹਨ ਮੇਰੀ ਪੂਜਾ ਅਤੇ ਧਿਆਨ ਟਿਕਾਉਣ ਦਾ ਥਾਂ ਭੀ ਖਾਲਸਾ ਹੀ ਹੈ ਅਤੇ ਬੜੇ ਨਿਸਚੇ ਜਨਕ ਤਰੀਕੇ ਨਾਲ ਆਖਦੇ ਹਨ।'ਸਚ ਜਾਣੋ ਖਾਲਸੇ ਦਾ ਦਰਸ਼ਨ ਹੀ ਮੁਕਤੀ ਰੂਪ ਹੈ :

ਮੇਰੋ ਇਸ਼ਟ ਅਰ ਨੇਸ਼ਟਾ ਖਾਲਸਾ ਪੂਜਨ ਧਿਆਨ,



Digitized by Panjab Digital Library | www.panjabdigilib.org

ਦਰਸ਼ਨ ਪਰਸਨ ਖਾਲਸਾ ਮੁਕਤ ਰੂਪ ਸਤ ਜਾਨ, 'ਸਰਬ ਲੋਹ'
ਕਿਤਨਾ ਉਚਾ ਤਸੱਵਰ ਹੈ ਸਤਿਗੁਰੂ ਜੀ ਦਾ ਖਾਲਸੇ ਬਾਰੇ। ਆਪ ਕਹਿੰਦੇ ਹਨ ਕਿ ਖਾਲਸੇ ਵਿਚ ਤੇ ਮੇਰੇ ਵਿਚ ਬਲਕਿ ਪ੍ਰਭੂ ਵਿਚ ਰੰਚ ਮਾਤਰ ਭੀ ਫਰਕ ਨਹੀਂ ਹੈ

'ਪ੍ਰਭੂ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ'

ਪਰ ਏਨੀ ਵਡੀ ਵਡਿਆਈਵਾਲਾ ਖਾਲਸਾ ਓਹ ਕਿਸ ਨੂੰ ਸਮਝਦੇ ਹਨ।

'ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸਾ ਦੇਵ

ਪੂਜਨ ਜੋਗ ਖਾਲਸਾ ਓਹੋ ਹੈ ਜਿਸ ਨੇ ਆਤਮ ਰਸ ਦਾ ਭੇਦ ਪਾਇਆ ਹੈ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ :

'ਕਿਨਕਾ ਏਕ ਜਿਸੁ ਜੀਅ ਬਸਾਵੈ,
ਤਾ ਕੀ ਮਹਿਮਾ ਗਨੀ ਨਾ ਆਵੈ।

ਪੁਨਾ : ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ,

ਆਤਮ ਜਿਣੈ ਸਗਲ ਵਸਿ ਤਾਂ ਕੈ ਜਾ ਕਾ ਸਤਿਗੁਰੁ ਪੂਰਾ

ਅਰਥਾਤ ਅਸਲ ਸੂਰਮਾ ਓਹੋ ਕਿਹਾ ਜਾ ਸਕਦਾ ਹੈ ਜਿਸ ਦੇ ਅੰਦਰ ਵਾਹਿਗੁਰੂ ਦਾ ਪਿਆਰ ਜਾਗਿਆ ਹੈ ਅਤੇ ਜਿਸ ਨੇ ਪੂਰੇ ਸਤਿਗੁਰੂ ਦੀ ਸ਼ਰਣ ਵਿਚ ਆ ਕੇ ਆਪਣੇ ਆਪ ਤੇ ਕਾਬੂ ਪਾਇਆ ਹੈ ਸਾਰਾ ਸੰਸਾਰ ਐਸੇ ਸੂਰਮੇ ਦਾ ਪਾਣੀ ਭਰਦਾ ਹੈ

ਗੁਰੂ ਗੋਬਿੰਦ ਸਿੰਘ ਜੀ ਅਜੇਹੇ ਖਾਲਸੇ ਦੀ ਤਾਰੀਫ (Definition) ਅਧੀ ਤੁਕ ਅੰਦਰ ਇਉਂ ਕਰਦੇ ਹਨ :

'ਪੂਰਨ ਜੋਤਿ ਜਗੈ ਘਟ ਮੈਂ 'ਤਬ ਖਾਲਸਾ ਤਾਹਿ ਨਖਾਲਸ ਜਾਨੈ'



Digitized by Panjab Digital Library | www.panjabdigilib.org

ਹਿਰਦੇ ਅੰਦਰ ਪੂਰਨ ਜੋਤਿ ਦਾ ਮਘ ਉਠਨਾ ਹੀ ਇਕ ਇਟੈਲ ਅਜ਼ਮਾਇਸ਼ ( Test ) ਹੈ ਖਾਲਸਾ ਹੋਣ ਦੀ। ਅਜੇਹੇ ਖਾਲਸੇ ਲਈ ਹੀ ਕਿਹਾ ਹੈ।

ਰਾਜ ਕਰੇਗਾ ਖਾਲਸਾ ਆਕੀ ਰਹੈ ਨਾ ਕੋਇ,

ਗੁਰੂ ਕੇ ਸਿੰਘਾਂ ਦਾ ਇਹ ਵਿਸ਼ਵਾਸ਼ ਸੀ ਕਿ ਐਸਾ ਖਾਲਸਾ ਅਟੱਲ ਰਾਜ ਪ੍ਰਤਾਪੀ ਹੋਇਗਾ ਅਤੇ ਅਠਾਰਵੀਂ ਸਦੀ ਮੰਨ ਈਸਵੀ ਦੇ ਸਿੰਘ ਦੋ ਵਕਤ ਅਰਦਾਸ ਸੋਧਨ ਮਗਰੋਂ ਪੜ੍ਹਿਆ ਕਰਦੇ ਸਨ :

ਰਾਜ ਕਰੇਗਾ-ਖਾਲਸਾ ਆਕੀ ਰਹੈ ਨ ਕੋਇ
ਖੁਆਰ ਹੋਇ ਸਭ ਮਿਲੈਂਗੇ ਬਚੇ ਸਰਣ ਜੋ ਹੋਇ'

ਭਾਰਤ ਦੀ ਅੰਗ੍ਰੇਜ਼ੀ ਸ੍ਰਕਾਰ ਨੂੰ ਸਿੰਘਾਂ ਦੇ ਇਸ ਦੋਹਿਰੇ ਵਿਚ ਸਾਜ਼ਸ਼ ਦੀ ਬੂ ਭਾਸਦੀ ਸੀ। ਸੋ ਸ੍ਰਕਾਰ ਪੂਜ ਲੋਕਾਂ ਨੇ ਹੌਲੀ ੨ ਇਸ ਨੂੰ ਨਿਤ ਦੀ ਅਰਦਾਸ ਚੋਂ ਕਢ ਦਿਤਾ, ਅਕਾਲੀ ਲਹਿਰ ਨੇ ਇਸ ਨੂੰ ਮੁੜ ਸੁਰਜੀਤ ਕੀਤਾ ਅਤੇ ਹੁਣ ਮੁੜ ਇਹ ਸਿੰਘਾਂ ਦੀ ਅਰਦਾਸ ਦਾ ਭਾਗ ਬਣ ਗਿਆ ਹੈ ਪਰ ਇਹ ਕੇਵਲ ਪੜ੍ਹੇ ਜਾਣ ਤਕ ਹੀ ਸੀਮਤ ਹੋ ਗਿਆ ਹੈ, ਅਸਾਂ ਕਦੀ ਅਨੁਭਵ ਨਹੀਂ ਕੀਤਾ ਕਿ ਜੋ ਖਾਲਸਾ ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਏਡੀ ਮਹੱਤਤਾ ਰਖਦਾ ਸੀ ਅਤੇ ਜਿਸ ਦਾ ਸਾਰੇ ਸੰਸਾਰ ਤੇ ਛਾ ਜਾਣਾ ਨਿਸਚੇ ਭਾਸਦਾ ਸੀ ਓਹ ਸਿੰਘਾਂ ਦੀ ਅਜ ਦੀ ਦਸ਼ਾ ਨੂੰ ਕਿਉਂ ਪੁਜ ਗਿਆ ਹੈ। ਆਪਨੇ ਆਪਨੂੰ ਕਹਿੰਦੇ ਤਾਂ ਅਸੀਂ ਅਜ ਵੀ 'ਅਕਾਲ ਪੁਰਖ ਕੀ ਫੌਜ' ਹੀ ਹਾਂ (ਅਕਾਲੀ ਦਲ ਦਾ ਮਤਲਬ ਅਕਾਲ ਦੀ ਫੌਜ ਹੀ ਤਾਂ ਹੈ) ਪਰ ਕੀ ਅਜ ਗੁਰੂ ਗੋਬਿੰਦ ਸਿੰਘ ਇਹ ਕਹਿਣਗੇ।

'ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੋ ਗ੍ਰੀਬ ਕਰੋਰ ਪਰੇ ?'

(ਗਿਆਨ ਪ੍ਰਬੋਧ ਪਾ: ੧੦)



Digitized by Panjab Digital Library | www.panjabdigilib.org

ਖਾਲਸਾ : ਤੈਨੂੰ ਸਤਿਗੁਰੂ ਨੇ ਅਪਨਾ ਬਿਰਦ ਸਮਝਿਆ ਸੀ।

'ਖਾਲਸਾ ਮੇਰੋ ਕਹੀਅਤ ਬਿਰਦ'

ਗੁਰੂ ਗੋਬਿੰਦ ਸਿੰਘ ਕਹਿੰਦਾ ਸੀ

'ਖਾਲਸਾ ਮੇਰੋ ਭਵਨ ਭੰਡਾਰਾ, ਖਾਲਸਾ ਕਰ ਮੇਰੋ ਸਤਿਕਾਰਾ'

'ਖਾਲਸਾ ਮੇਰੋ ਸਵਾਰਥ ਸਹੀ,'

ਅਤੇ 'ਹੌਂ ਖਾਲਸੇ ਦਾ ਖਾਲਸਾ ਮੇਰੋ'

ਕੀ ਤੇਰੀ ਅਜ ਦੀ ਦਸ਼ਾ ਗੁਰੂ ਗੋਬਿੰਦ ਸਿੰਘ ਨੂੰ ਇਹ ਕਹਿਣ ਦੀ ਵੰਗਾਰ ਪਾਉਂਦੀ ਹੈ ? ਕੀ ਗੈਰਾਂ ਸਾਹਮਣੇ ਲਿਲਕੜੀਆਂ ਲੈਂਦਾ ਹੋਇਆ ਤੂੰ ਖਾਲਸਾ ਅਖਵਾਉਣ ਦਾ ਹਕਦਾਰ ਹੈਂ ? ਕੀ ਤੇਰੀ ਅਜ ਦੀ ਸਿਆਸਤ ਨੇ ਤੈਨੂੰ 'ਰਾਜ ਕਰੇਗਾ ਖਾਲਸਾ' ਕਹਿਣ ਜੋਗਾ ਛਡਿਆ ਹੈ ? ਕੀ ਤੂੰ ਓਹੋ ਖਾਲਸਾ ਹੈ ਜਿਸ ਦਾ ਤਸੱਵਰ ਗੁਰੂ ਗੋਬਿੰਦ ਸਿੰਘ ਦੀ ਕਲਪਨਾ ਵਿਚ ਸੀ ? ਜੇ ਨਹੀਂ ਤਾਂ ਇਸ ਦਾ ਕੀ ਕਾਰਨ ਹੈ ? ਆ, ਇਹ ਕਾਰਨ ਭੀ ਸਤਿਗੁਰੂ ਤੋਂ ਹੀ ਪੁਛੀਏ : ਏਨੀ ਉਪਮਾ ਕਰਨ ਮਗਰੋਂ ਸਤਿ ਗੁਰੂ ਨੇ ਤੇਰੇ ਉਪਰ ਇਕ ਸ਼ਰਤ ਲਗਾਈ ਸੀ– ਤੈਨੂੰ ਇਕ ਸੂਚਨਾ ਦਿਤੀ ਸੀ ਕਿ

'ਜਬ ਲਗ ਖਾਲਸਾ ਰਹੇ ਨਿਆਰਾ–ਤਬ ਲਗ ਤੇਜ ਦੀਓ ਮੈਂ ਸਾਰਾ
ਜਬ ਇਹ ਗਹੈ ਬਿਪਰਨ ਕੀ ਰੀਤ–ਮੈਂ ਨਾ ਕਰੋਂ ਇਨਕੀ ਪ੍ਰਤੀਤ'

ਸਮਝ ਸਤਿਗੁਰੂ ਦੇ ਆਸ਼ੇ ਨੂੰ ਅਤੇ ਮੁਕਤ ਹੋ ਬਿਪਰਨ ਦੀ ਰੀਤ ਤੋਂ, ਵਰਨਾਂ ਗੁਰੂ ਦੀ ਪ੍ਰਤੀਤ ਖੋ ਬੈਠੇਂਗਾ :

ਅੰਤਰਿ ਅਗਿਆਨ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤ ਨਾਹੀ



Digitized by Panjab Digital Library | www.panjabdigilib.org

ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ
ਅਤੇ 'ਜੋ ਸਤਿਗੁਰ ਤੇ ਮੁਹ ਫਿਰੈ ਤਿਨਾ ਠਉਰ ਨਾ ਠਾਉ
ਫਿਰ – 'ਓਹ ਵੇਲਾ ਹਥਿ ਨ ਆਵੈ ਫਿਰਿ ਪਛਤਾਵਣਾ''

ਵਾਰ ਸੋਰਠ



Digitized by Panjab Digital Library | www.panjabdigilib.org

Digitized by Panjab Digital Library / www.panjabdigilib.org

Digitized by Panjab Digital Library | www.panjabdigilib.org

PL-0164

Digitized by Panjab Digital Library | www.panjabdigilib.org

# ਗੁਰੂ ਨਾਨਕ ਮਿਸ਼ਨ

ਪਿਛਲੀ ਜਨਵਰੀ ਵਿਚ ਪੋਹ ਸੁਦੀ ਸਤਵੀਂ ਦਾ 'ਰਮਜ਼ੀ ਦੀਦਾਰ' ਟ੍ਰੈਕਟ ਨੰ: ੫੧ ਪ੍ਰਕਾਸ਼ਤ ਕਰਨ ਪਿਛੋਂ ਅਸੀਂ ਪਾਠਕਾਂ ਦੀ ਹਾਜ਼ਰੀ ਛੇਤੀ ਨਹੀਂ ਭਰ ਸਕੇ ਜਿਸ ਦੇ ਕੁਝ ਕਾਰਨ ਸਨ। ਸਤਿਗੁਰੂ ਮੇਹਰ ਕਰੇ ਅਤੇ ਸੇਵਾਦਾਰ ਮਿਸ਼ਨ ਦੇ ਮਿਥੇ ਪ੍ਰੋਗਰਾਮ ਨੂੰ ਪਹਿਲੋਂ ਵਾਂਗ ਪੂਰਾ ਕਰ ਸਕਨ ਦੇ ਸਮਰਥ ਹੋਣ।

ਇਸ ਤੋਂ ਪਹਿਲੋਂ ਮਾਰਚ ਦੇ ਅਖੀਰ ਹਫਤੇ 'ਅਰਦਾਸ' ਨਾਮ ਦਾ ਟ੍ਰੈਕਟ ਨੰ: ੫੨ ਪ੍ਰਕਾਸ਼ਤ ਕੀਤਾ ਗਿਆ ਸੀ। ਖਾਲਸੇ ਦੇ ਜਨਮ ਦੀ ਮਹੱਤਤਾ ਨੂੰ ਮੁਖ ਰਖਦੇ ਹੋਏ ਉਸ ਤੋਂ ਦੋ ਸਾਤਿਆਂ ਦੇ ਅੰਦਰ ੨ ਇਹ ਪੜਵਾਂ ਟ੍ਰੈਕਟ 'ਖਾਲਸਾ' ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਆਸ ਹੈ ਪਾਠਕ ਇਹ ਟ੍ਰੈਕਟ ਆਪ ਪੜ੍ਹਕੇ ਅਤੇ ਹੋਰ ਸਜਣਾਂ ਨੂੰ ਪੜ੍ਹਾ ਕੇ ਗੁਰਮੱਤਿ ਪ੍ਰਚਾਰ ਦੇ ਆਸ਼ੇ ਨੂੰ ਪੂਰਾ ਕਰਨਗੇ

ਇਸ ਦੌਰਾਨ ਵਿਚ ਅੰਗ੍ਰੇਜ਼ੀ ਦਾ ਟ੍ਰੈਕਟ ਨੰ: ੪੭ Victories of Guru Gobind Singh ਦੂਜੀ ਵਾਰ ਛਾਪਿਆ ਗਿਆ ਹੈ ਅਤੇ ਨੰ: ੫੦ 'ਸੂਰਜ ਨਿਕਲਿਆ' ਦੂਜੀ ਵਾਰ ਛਪ ਰਿਹਾ ਹੈ। ਇੰਗਲੈਂਡ, ਸਿੰਗਾਪੁਰ, ਮਲਾਏਸ਼ੀਆਂ ਆਦਿ ਪਰਦੇਸਾਂ ਤੋਂ ਇਨ੍ਹਾਂ ਦੀ ਹੋਰ ਮੰਗ ਪੁਜੀ ਹੋਣ ਕਾਰਨ ਇਨ੍ਹਾਂ ਨੂੰ ਦੂਜੀ ਵਾਰ ਛਾਪਣ ਦੀ ਲੋੜ ਪਈ ਹੈ। ਜਿਨ੍ਹਾਂ ਸਜਣਾ ਨੂੰ ਇਹ ਟ੍ਰੈਕਟ ਪਹਿਲੀ ਵਾਰ ਨਹੀਂ ਮਿਲ ਸਕੇ ਉਨ੍ਹਾਂ ਵਲੋਂ ਹੁਣ ਆਗਿਆ ਪੁਜਣ ਪਰ ਇਹ ਭੇਜੇ ਜਾ ਸਕਣਗੇ।

ਸਕੱਤਰ

Digitized by Panjab Digital Library | www.panjabdigilib.org